# ਵਾਰੀਸੈਲਾ (ਚਿਕਨਪੋਕਸ) ਵੈਕਸੀਨ:

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

Many vaccine information statements are available in Punjabi and other languages. See www.immunize.org/vis

ਕਈ ਵੈਕਸੀਨ ਜਾਣਕਾਰੀ ਬਿਆਨ ਪੰਜਾਬੀ ਅਤੇ ਹੋਰਨਾ ਭਾਸ਼ਾਵਾਂ ਵਿੱਚ ਉਪਲਬਧ ਹਨ। www.immunize.org/vis ਵੇਖੋ।

### 1. ਵੈਕਸੀਨ ਕਿਉਂ ਲਗਵਾਈਏ?

**ਵਾਰੀਸੈਲਾ ਵੈਕਸੀਨ** ਵਾਰੀਸੈਲਾ **ਦੀ ਰੋਕਥਾਮ ਕਰ ਸਕਦੀ ਹੈ**।

**ਵਾਰੀਸੈਲਾ**, ਜਸਿ ਨੂੰ ਕਿ "ਚਕਿਨਪੋਕਸ" ਵੀ ਕਹਿਾ ਜਾਂਦਾ ਹੈ, ਇਕ ਖੁਜਲੀਦਾਰ ਦਾਣਾ ਪੈਦਾ ਕਰ ਸਕਦੀ ਹੈ ਜੋ ਕ ਿਲਗਭਗ ਇਕ ਹਫਤੇ ਤੱਕ ਰਹਿੰਦਾ ਹੈ। ਇਹ ਬੁਖ਼ਾਰ, ਥਕਾਵਟ, ਭੁੱਖ ਵਿੱਚ ਕਮੀ, ਅਤੇ ਸਰਿਦਰਦ ਵੀ ਪੈਦਾ ਕਰ ਸਕਦੀ ਹੈ। ਇਹ ਚਮੜੀ ਦੇ ਲਾਗ, ਨਮਿੋਨੀਆ, ਖੂਨ ਦੀਆਂ ਕੋਸ਼ਕਿਾਵਾਂ ਵੱਿਚ ਸੋਜ, ਦਮਿਾਗ ਅਤੇ/ਜਾਂ ਰੀੜ ਦੀ ਹੱਡੀ ਦੀ ਕਵਰਗਿ ਵੱਿਚ ਸੋਜ ਅਤੇ ਖੂਨ ਦੇ ਪ੍ਰਵਾਹ, ਹੱਡੀ ਜਾਂ ਜੋੜਾਂ ਵੱਿਚ ਲਾਗਾਂ ਦਾ ਕਾਰਨ ਬਣ ਸਕਦਾ ਹੈ। ਕੁਝ ਲੋਕ ਜਨ੍ਹਿਾਂ ਨੂੰ ਕਿ ਚਕਿਨਪੋਕਸ ਹੁੰਦਾ ਹੈ, ਉਨ੍ਹਾਂ ਨੂੰ ਸਾਲਾਂ ਬਾਅਦ "ਸ਼ਗਿਲਸ" (ਜਸਿ ਨੂੰ ਕਿ ਹਰਪੀਜ਼ ਜ਼ੋਸਟਰ ਵੀ ਕਹਿਾ ਜਾਂਦਾ ਹੈ) ਨਾਮਕ ਦਰਦਨਾਕ ਦਾਣੇ ਹੋ ਜਾਂਦੇ ਹਨ।

ਚਕਿਨਪੋਕਸ ਬੀਮਾਰੀ ਆਮ ਤੌਰ ਹਲਕੀ ਹੁੰਦੀ ਹੈ, ਪਰ 12 ਮਹੀਨੇ ਤੋਂ ਘੱਟ ਉਮਰ ਦੇ ਬੱਚਆਿਂ, ਕਸ਼ੋਿਰਾਂ, ਬਾਲਗਾਂ, ਗਰਭਵਤੀ ਮਹਲਿਾਵਾਂ ਅਤੇ ਕਮਜ਼ੋਰ ਪ੍ਰਤਰਿੱਖਆਿ ਪ੍ਰਣਾਲੀ ਵਾਲੇ ਲੋਕਾਂ ਵੱਿਚ ਇਹ ਗੰਭੀਰ ਵੀ ਹੋ ਸਕਦੀ ਹੈ। ਕੁਝ ਲੋਕ ਇੰਨੇ ਬੀਮਾਰ ਪੈ ਜਾਂਦੇ ਹਨ ਕ ਿਉਨ੍ਹਾਂ ਨੂੰ ਹਸਪਤਾਲ ਵੱਿਚ ਦਾਖਲ ਕਰਾਉਣ ਦੀ ਲੋੜ ਪੈਂਦੀ ਹੈ। ਅਜਹਿਾ ਅਕਸਰ ਨਹੀਂ ਹੁੰਦਾ, ਪਰ ਲੋਕ ਚਕਿਨਪੋਕਸ ਦੀ ਬੀਮਾਰੀ ਨਾਲ ਮਰ ਵੀ ਸਕਦੇ ਹਨ।

ਵਾਰੀਸੈਲਾ ਵੈਕਸੀਨ ਦੀਆਂ 2 ਖੁਰਾਕਾਂ ਲਗਵਾਉਣਨ ਵਾਲੇ ਜ਼ਆਿਦਾਤਰ ਲੋਕ ਜੀਵਨ ਭਰ ਸੁਰੱਖਅਿਤ ਰਹਣਿਗੇ।

### 2. ਵਾਰੀਸੈਲਾ ਵੈਕਸੀਨ

**ਬੱਚਆਿਂ** ਨੂੰ ਆਮ ਤੌਰ 'ਤੇ ਵਾਰੀਸੈਲਾ ਵੈਕਸੀਨ ਦੀਆਂ 2 ਖੁਰਾਕਾਂ ਦੀ ਲੋੜ ਪੈਂਦੀ ਹੈ:

- ਪਹਲਿੀ ਖੁਰਾਕ: 12 ਤੋਂ 15 ਮਹੀਨਆਿਂ ਦੀ ਉਮਰ ਵੱਿਚ
- ਦੂਸਰੀ ਖੁਰਾਕ: 4 ਤੋਂ 6 ਸਾਲਾਂ ਦੀ ਉਮਰ ਵੱਿਚ

**ਵੱਡੇ ਬੱਚਆਿਂ, ਕਸ਼ੋਿਰਾਂ**, ਅਤੇ **ਬਾਲਗਾਂ** ਨੂੰ ਵੀ ਵਾਰੀਸੈਲਾ ਵੈਕਸੀਨ ਦੀਆਂ 2 ਖੁਰਾਕਾਂ ਦੀ ਲੋੜ ਪੈਂਦੀ ਹੈ ਜੇਕਰ ਉਹ ਚਕਿਨਪੋਕਸ ਪ੍ਰਤੀ ਪਹਲਿਾਂ ਤੋਂ ਹੀ ਇਮਊਿਨ ਨਹੀਂ ਹਨ।

ਵਾਰੀਸੈਲਾ ਵੈਕਸੀਨ ਹੋਰਨਾਂ ਵੈਕਸੀਨਾਂ ਨੂੰ ਦੇਣ ਸਮੇਂ ਦੱਿਤੀ ਜਾ ਸਕਦੀ ਹੈ। ਨਾਲ ਹੀ, 12 ਮਹੀਨੇ ਤੋਂ 12 ਸਾਲ ਦੀ ਉਮਰ ਤੱਕ ਦੇ ਬੱਚੇ ਨੂੰ ਵਾਰੀਸੈਲਾ ਵੈਕਸੀਨ ਦੇ ਨਾਲ ਹੀ MMR (ਖਸਰਾ, ਮੰਪਸ ਅਤੇ ਰੁਬੈਲਾ) ਨੂੰ ਇੱਕੋ ਇੰਜੈਕਸ਼ਨ ਦੇ ਰੂਪ ਵੱਿਚ ਵੀ ਦੱਿਤਾ ਜਾ ਸਕਦਾ ਹੈ, ਜਸਿ ਨੂੰ ਕਿ MMRV ਆਖਦੇ ਹਨ। ਤੁਹਾਡਾ ਸਹਿਤ ਦੇਖਭਾਲ ਪ੍ਰਦਾਤਾ ਤੁਹਾਨੂੰ ਵਧੇਰੇ ਜਾਣਕਾਰੀ ਦੇ ਸਕਦਾ ਹੈ।

### 3. ਆਪਣੇ ਸਹਿਤ ਦੇਖਭਾਲ ਪ੍ਰਦਾਤਾ ਨਾਲ ਗੱਲਬਾਤ ਕਰੋ

ਆਪਣੇ ਟੀਕਾਕਰਨ ਪ੍ਰਦਾਤਾ ਨੂੰ ਦੱਸੋ ਜੇਕਰ ਟੀਕਾ ਲੱਗਵਾ ਰਹਿਾ ਵਅਿਕਤੀ:

- ਨੂੰ **ਵਾਰੀਸੈਲਾ ਵੈਕਸੀਨ ਦੀ ਪਛਿਲੀ ਖੁਰਾਕ ਤੋਂ ਬਾਅਦ ਐਲਰਜੀ ਦੀ ਪ੍ਰਤੀਕਰਿਆਿ ਹੋਈ ਸੀ**, ਜਾਂ ਫ਼ਰਿ ਉਸਨੂੰ ਕੋਈ **ਗੰਭੀਰ, ਜਾਨ-ਲੇਵਾ ਐਲਰਜੀਆਂ ਹਨ**
- **ਗਰਭਵਤੀ ਹੈ** ਜਾਂ ਸੋਚਦੇ ਹਨ ਕ ਿਗਰਭਵਤੀ ਹੋ ਸਕਦੇ ਹਨ—ਗਰਭਵਤੀ ਮਹਲਿਾਵਾਂ ਨੂੰ ਵਾਰੀਸੈਲਾ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ।
- ਦੀ **ਕਮਜ਼ੋਰ ਪ੍ਰਤਰਿੱਖਆਿ ਪ੍ਰਣਾਲੀ** ਹੈ, ਜਾਂ ਇਨ੍ਹਾਂ ਦੇ **ਮਾਤਾ-ਪਤਿਾ, ਭਰਾ ਜਾਂ ਭੈਣ ਹਨ ਜਨ੍ਹਿਾਂ ਦੀ ਵੰਸ਼ਾਨੁਗਤ ਜਾਂ ਜਨਮਜਾਤ ਪ੍ਰਤਰਿੱਖਆਿ ਪ੍ਰਣਾਲੀ ਸਮੱਸਆਿਵਾਂ ਦਾ ਇਤਹਿਾਸ ਰਹਿਾ ਹੈ**
- **ਸੈਲੀਸਾਈਕਲੇਟ ਲੈ ਰਹੇ ਹਨ** (ਜਵਿੇਂ ਕ ਿਐਸਪਰਨਿ)
- ਨੇ ਹਾਲ ਹੀ ਵੱਿਚ **ਬਲੱਡ ਟਰਾਂਸਫਊਿਜ਼ਨ ਕਰਵਾਈ ਹੈ ਜਾਂ ਫ਼ਰਿ ਹੋਰ ਖੂਨ ਉਤਪਾਦ ਹਾਸਲ ਕੀਤੇ ਹਨ**
- ਨੂੰ **ਤਪੇਦਕਿ ਹੈ**
- ਨੇ **ਪਛਿਲੇ 4 ਹਫਤਆਿਂ ਵੱਿਚ ਕੋਈ ਹੋਰ ਵੈਕਸੀਨ ਲਗਵਾਈ ਹੈ**

ਕੁਝ ਮਾਮਲਆਿਂ ਵੱਿਚ, ਤੁਹਾਡਾ ਸਹਿਤ ਦੇਖਭਾਲ ਪ੍ਰਦਾਤਾ ਵਾਰੀਸੈਲਾ ਟੀਕਾਕਰਨ ਨੂੰ ਭਵੱਿਖ ਦੀ ਮੁਲਾਕਾਤ ਤੱਕ ਮੁਲਤਵੀ ਕਰਨ ਦਾ ਫੈਸਲਾ ਲੈ ਸਕਦਾ ਹੈ।

ਸਰਦੀ-ਜ਼ੁਕਾਮ ਵਰਗੀਆਂ ਛੋਟੀਆ-ਮੋਟੀਆਂ ਬੀਮਾਰੀਆਂ ਵਾਲੇ ਲੋਕਾਂ ਨੂੰ ਵੈਕਸੀਨ ਲਗਾਈ ਜਾ ਸਕਦੀ ਹੈ। ਮੱਧਮ ਜਾਂ ਗੰਭੀਰ ਰੂਪ ਵੱਿਚ ਬੀਮਾਰ ਲੋਕਾਂ ਨੂੰ ਵਾਰੀਸੈਲਾ ਵੈਕਸੀਨ ਲਗਵਾਉਣ ਤੋਂ ਪਹਲਿਾਂ ਠੀਕ ਹੋ ਜਾਣ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ।

ਤੁਹਾਡਾ ਸਹਿਤ ਦੇਖਭਾਲ ਪ੍ਰਦਾਤਾ ਤੁਹਾਨੂੰ ਵਧੇਰੇ ਜਾਣਕਾਰੀ ਦੇ ਸਕਦਾ ਹੈ।

U.S. Department of Health and Human Services
Centers for Disease Control and Prevention

## 4. ਵੈਕਸੀਨ ਪ੍ਰਤੀਕਿਰਿਆ ਦੇ ਜੋਖਮ

- ਵਾਰੀਸੈਲਾ ਟੀਕਾਕਰਨ ਤੋਂ ਬਾਅਦ ਇੰਜੈਕਸ਼ਨ ਕਾਰਨ ਬਾਂਹ ਵਿੱਚ ਦਰਦ, ਟੀਕਾ ਲੱਗਣ ਦੇ ਸਥਾਨ 'ਤੇ ਲਾਲੀ ਜਾਂ ਦਾਣੇ, ਜਾਂ ਬੁਖ਼ਾਰ ਹੋ ਸਕਦੇ ਹਨ।
- ਜ਼ਿਆਦਾ ਗੰਭੀਰ ਮਾੜੇ ਪ੍ਰਭਾਵ ਬਹੁਤ ਵਿਰਲੇ ਹੁੰਦੇ ਹਨ। ਇਨ੍ਹਾਂ ਵਿੱਚ ਨਮੂਨੀਆ, ਦਿਮਾਗ ਅਤੇ/ਜਾਂ ਰੀੜ੍ਹ ਦੀ ਹੱਡੀ ਦੀ ਕਵਰਿੰਗ ਵਿੱਚ ਲਾਗ, ਅਤੇ ਅਕਸਰ ਬੁਖ਼ਾਰ ਨਾਲ ਸਬੰਧਿਤ ਦੌਰੇ ਸ਼ਾਮਲ ਹੋ ਸਕਦੇ ਹਨ।
- ਪ੍ਰਤਿਰੱਖਿਆ ਪ੍ਰਣਾਲੀ ਦੀ ਗੰਭੀਰ ਸਮੱਸਿਆਵਾਂ ਵਾਲੇ ਲੋਕਾਂ ਵਿੱਚ, ਇਹ ਟੀਕਾ ਲਾਗ ਦਾ ਕਾਰਨ ਬਣ ਸਕਦਾ ਹੈ ਜੋ ਕਿ ਜੀਵਨ ਲਈ ਖਤਰਾ ਹੋ ਸਕਦਾ ਹੈ। ਪ੍ਰਤਿਰੱਖਿਆ ਪ੍ਰਣਾਲੀ ਦੀ ਗੰਭੀਰ ਸਮੱਸਿਆਵਾਂ ਵਾਲੇ ਲੋਕਾਂ ਨੂੰ ਵਾਰੀਸੈਲਾ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ।

ਇਸ ਦੀ ਸੰਭਾਵਨਾ ਹੈ ਕਿ ਵੈਕਸੀਨ ਲਗਵਾਉਣ ਵਾਲੇ ਵਿਅਕਤੀ ਨੂੰ ਦਾਣੇ ਹੋ ਜਾਣ। ਜੇਕਰ ਅਜਿਹਾ ਹੁੰਦਾ ਹੈ, ਤਾਂ ਵਾਰੀਸੇਲਾ ਵੈਕਸੀਨ ਦਾ ਵਾਇਰਸ ਅਸੁਰੱਖਿਅਤ ਵਿਅਕਤੀ ਵਿੱਚ ਫੈਲ ਸਕਦਾ ਹੈ। ਜਿਸ ਕਿਸੇ ਦੇ ਵੀ ਦਾਣੇ ਹੋ ਜਾਂਦੇ ਹਨ, ਉਨ੍ਹਾਂ ਨੂੰ ਬੱਚਿਆਂ ਅਤੇ ਕਮਜ਼ੋਰ ਪ੍ਰਤਿਰੱਖਿਆ ਪ੍ਰਣਾਲੀ ਵਾਲੇ ਲੋਕਾਂ ਤੋਂ ਉਦੋਂ ਤੱਕ ਦੂਰ ਰਹਿਣਾ ਚਾਹੀਦਾ ਹੈ ਜਦੋਂ ਤੱਕ ਕਿ ਇਹ ਦਾਣੇ ਖਤਮ ਨਾ ਹੋ ਜਾਣ। ਵਧੇਰੇ ਜਾਣਨ ਲਈ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲਬਾਤ ਕਰੋ।

ਕੁਝ ਲੋਕ ਜਿਹਨਾਂ ਨੂੰ ਕਿ ਚਿਕਨਪੋਕਸ ਲਈ ਵੈਕਸੀਨ ਲਗਾਈ ਜਾਂਦੀ ਹੈ, ਉਨ੍ਹਾਂ ਨੂੰ ਸਾਲਾਂ ਬਾਅਦ ਸ਼ਿੰਗਲਜ਼ (ਹਰਪੀਜ਼ ਜ਼ੋਸਟਰ) ਹੋ ਜਾਂਦੀ ਹੈ। ਚਿਕਨਪੋਕਸ ਰੋਗ ਤੋਂ ਬਾਅਦ ਦੇ ਮੁਕਾਬਲੇ ਇਹ ਟੀਕਾਕਰਨ ਤੋਂ ਬਾਅਦ ਬਹੁਤ ਘੱਟ ਆਮ ਹੈ।

ਟੀਕਾਕਰਨ ਸਮੇਤ, ਮੈਡੀਕਲ ਪ੍ਰਕਿਰਿਆਵਾਂ ਤੋਂ ਬਾਅਦ ਲੋਕ ਕਦੇ-ਕਦੇ ਬੇਹੋਸ਼ ਹੋ ਜਾਂਦੇ ਹਨ। ਜੇਕਰ ਤੁਹਾਨੂੰ ਚੱਕਰ ਆ ਰਹੇ ਹਨ ਜਾਂ ਫਿਰ ਨਜ਼ਰ ਵਿੱਚ ਬਦਲਾਵ ਹੈ ਜਾਂ ਕੰਨ ਵੱਜ ਰਹੇ ਹਨ, ਤਾਂ ਆਪਣੇ ਪ੍ਰਦਾਤਾ ਨੂੰ ਦੱਸੋ।

ਕਿਸੇ ਵੀ ਦਵਾਈ ਵਾਂਗ, ਇਸ ਗੱਲ ਦੀ ਇੱਕ ਬਹੁਤ ਘੱਟ ਸੰਭਾਵਨਾ ਹੁੰਦੀ ਹੈ ਕਿ ਕਿਸੇ ਵੈਕਸੀਨ ਨਾਲ ਗੰਭੀਰ ਐਲਰਜੀ ਪ੍ਰਤੀਕਿਰਿਆ, ਹੋਰ ਗੰਭੀਰ ਸੱਟ, ਜਾਂ ਫਿਰ ਮੌਤ ਹੋ ਸਕਦੀ ਹੈ।

## 5. ਜੇਕਰ ਕੋਈ ਗੰਭੀਰ ਸਮੱਸਿਆ ਹੈ, ਤਾਂ ਕੀ ਕਰੀਏ?

ਟੀਕਕਰਨ ਕਰਵਾਉਣ ਵਾਲੇ ਵਿਅਕਤੀ ਦੇ ਕਲੀਨਿਕ ਛੱਡਣ ਤੋਂ ਬਾਅਦ ਐਲਰਜੀ ਦੀ ਪ੍ਰਤੀਕਿਰਿਆ ਹੋ ਸਕਦੀ ਹੈ। ਜੇਕਰ ਤੁਸੀਂ ਇਕ ਗੰਭੀਰ ਐਲਰਜੀ ਪ੍ਰਤੀਕਿਰਿਆ (ਪਿੱਤੀ, ਚਿਹਰੇ ਅਤੇ ਗਲੇ ਦੀ ਸੋਜ, ਸਾਹ ਲੈਣ ਵਿੱਚ ਔਖਿਆਈ, ਦਿਲ ਦੀ ਤੇਜ਼ ਧੜਕਨ, ਚੱਕਰ ਆਉਣਾ, ਜਾਂ ਕਮਜ਼ੋਰੀ) ਦੇ ਲੱਛਣ ਦੇਖਦੇ ਹੋ, ਤਾਂ **9-1-1** 'ਤੇ ਕਾਲ ਕਰੋ ਅਤੇ ਉਸ ਵਿਅਕਤੀ ਨੂੰ ਨੇੜੇ ਦੇ ਹਸਪਤਾਲ ਲੈ ਜਾਓ।

ਹੋਰਨਾਂ ਸੰਕੇਤਾਂ ਲਈ ਜੋ ਕਿ ਤੁਹਾਡੀ ਚਿੰਤਾ ਦਾ ਕਾਰਨ ਹਨ, ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਕਾਲ ਕਰੋ।

ਵੈਕਸੀਨ ਪ੍ਰਤੀਕੂਲ ਘਟਨਾ ਰਿਪੋਰਟਿੰਗ ਸਿਸਟਮ (Vaccine Adverse Event Reporting System - VAERS) ਨੂੰ ਮਾੜੇ ਪ੍ਰਭਾਵਾਂ ਦੀ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ। ਆਮ ਤੌਰ 'ਤੇ ਤੁਹਾਡਾ ਸਿਹਤ ਦੇਖਭਾਲ ਪ੍ਰਦਾਤਾ ਇਹ ਰਿਪੋਰਟ ਦਰਜ ਕਰੇਗਾ, ਜਾਂ ਫਿਰ ਤੁਸੀਂ ਇਸ ਨੂੰ ਖੁਦ ਕਰ ਸਕਦੇ ਹੋ। **www.vaers.hhs.gov** 'ਤੇ VAERS ਦੀ ਵੈਬਸਾਈਟ 'ਤੇ ਜਾਓ ਜਾਂ ਫਿਰ **1-800-822-7967** 'ਤੇ ਕਾਲ ਕਰੋ। VAERS ਸਿਰਫ਼ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰਨ ਲਈ ਹੈ, ਅਤੇ VAERS ਦੇ ਸਟਾਫ ਸਦੱਸ ਡਾਕਟਰੀ ਸਲਾਹ ਨਹੀਂ ਦਿੰਦੇ ਹਨ।

## 6. ਰਾਸ਼ਟਰੀ ਵੈਕਸੀਨ ਸੱਟ ਮੁਆਵਜ਼ਾ ਪ੍ਰੋਗਰਾਮ (National Vaccine Injury Compensation Program)

ਰਾਸ਼ਟਰੀ ਵੈਕਸੀਨ ਸੱਟ ਮੁਆਵਜ਼ਾ ਪ੍ਰੋਗਰਾਮ (National Vaccine Injury Compensation Program - VICP) ਇਕ ਸੰਘੀ ਪ੍ਰੋਗਰਾਮ ਹੈ ਜੋ ਕਿ ਉਨ੍ਹਾਂ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਬਣਾਇਆ ਗਿਆ ਸੀ ਜਿਨ੍ਹਾਂ ਨੂੰ ਹੋ ਸਕਦਾ ਹੈ ਕੀ ਕੁਝ ਵੈਕਸੀਨਾਂ ਤੋਂ ਸੱਟ ਲੱਗੀ ਹੋ। ਟੀਕਾਕਰਨ ਦੇ ਕਾਰਨ ਕਥਿਤ ਸੱਟ ਜਾਂ ਮੌਤ ਦੇ ਦਾਅਵਿਆਂ ਨੂੰ ਦਾਖਲ ਕਰਨ ਦੀ ਸਮਾਂ-ਸੀਮਾ ਹੈ, ਜੋ ਕਿ 2 ਸਾਲ ਤੱਕ ਜਿਨੀ ਘੱਟ ਹੋ ਸਕਦੀ ਹੈ। **www.hrsa.gov/vaccinecompensation** 'ਤੇ VICP ਦੀ ਵੈਬਸਾਈਟ 'ਤੇ ਜਾਓ ਜਾਂ ਫਿਰ ਪ੍ਰੋਗਰਾਮ ਬਾਰੇ ਜਾਣਨ ਅਤੇ ਦਾਅਵਾ ਦਾਖਲ ਕਰਨ ਲਈ **1-800-338-2382** 'ਤੇ ਕਾਲ ਕਰੋ।

## 7. ਮੈਨੂੰ ਹੋਰ ਜਾਣਕਾਰੀ ਕਿੱਥੇ ਮਿਲ ਸਕਦੀ ਹੈ।

- ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨੂੰ ਪੁੱਛੋ।
- ਆਪਣੇ ਸਥਾਨਕ ਰਾਜ ਸਿਹਤ ਵਿਭਾਗ ਨੂੰ ਕਾਲ ਕਰੋ।
- ਵੈਕਸੀਨ ਪੈਕੇਜ ਪਰਚਿਆਂ ਅਤੇ ਵਧੇਰੇ ਜਾਣਕਾਰੀ ਲਈ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (Food and Drug Administration - FDA) ਦੀ ਵੈਬਸਾਈਟ **www.fda.gov/vaccines-blood-biologics/vaccines** 'ਤੇ ਜਾਓ।
- ਰੋਗ ਨਿਯੰਤ੍ਰਣ ਅਤੇ ਰੋਕਥਾਮ ਕੇਂਦਰਾਂ (Centers for Disease Control and Prevention - CDC) ਨਾਲ ਸੰਪਰਕ ਕਰੋ:
  - **1-800-232-4636 (1-800-CDC-INFO)** 'ਤੇ ਕਾਲ ਕਰੋ ਜਾਂ
  - **www.cdc.gov/vaccines** 'ਤੇ CDC ਦੀ ਵੈਬਸਾਈਟ 'ਤੇ ਜਾਓ।

Punjabi translation provided by California Department of Public Health, Immunization Program

ਇਸ ਕਰਕੇ ਕਿ ਤੁਹਾਡਾ ਡਾਕਟਰ ਲੱਗੇ ਲੋਦਿਆਂ ਦੀ ਸਹੀ ਜਾਣਕਾਰੀ ਲੈ ਸਕੇ, ਲੋਦਿਆਂ ਦੀ ਲੋੜ ਦਾ ਪਤਾ ਲਾ ਸਕੇ ਅਤੇ ਅਗਾਂਹ ਲੱਗਣ ਵਾਲੇ ਲੋਦਿਆਂ ਦੇ ਸਮੇਂ ਬਾਰੇ ਜਾਣ ਸਕੇ, ਸਾਰੀ ਜਾਣਕਾਰੀ Michigan Care Improvement Registry (ਮਿਸ਼ੀਗਨ ਕੇਅਰ ਇਮਪਰੂਵਮੈਂਟ ਰਜਿਸਟਰੀ) ਨੂੰ ਭੇਜੀ ਜਾਵੇਗੀ। ਲੋਕਾਂ ਨੂੰ ਇਹ ਮੰਗ ਕਰਨ ਦਾ ਹੱਕ ਹੈ ਕਿ ਉਨ੍ਹਾਂ ਦਾ ਡਾਕਟਰ ਲੋਦਿਆਂ ਬਾਰੇ ਜਾਣਕਾਰੀ ਰਜਿਸਟਰੀ ਨੂੰ ਨਾ ਭੇਜੇ।

DCH-0451PU AUTH: P. H. S., Act 42, Sect. 2126.